# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

**ਮਿਤੀ : 23-09-2025**

ਸਰਕਾਰ ਨੇ ਮੌਜੂਦਾ ਮਾਲੀ ਸਾਲ ਦੌਰਾਨ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਤਹਿਤ 25 ਲੱਖ ਵਾਧੂ ਐਲਪੀਜੀ ਕੁਨੈਕਸ਼ਨ ਦੇਣ ਦਾ ਫੈਸਲਾ ਕੀਤਾ ਏ । ਔਰਤ ਲਾਭਪਾਤਰੀਆਂ ਨੂੰ ਵਧਾਈ ਦਿੰਦੇ ਹੋਏ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਹ ਪਹਿਲ, ਨਰਾਤਿਆਂ ਦੇ ਸ਼ੁਭ ਮੌਕੇ 'ਤੇ ਔਰਤਾਂ ਲਈ ਨਵੀਂ ਖੁਸ਼ੀ ਲਿਆਏਗੀ। ਉਨ੍ਹਾਂ ਕਿਹਾ ਕਿ ਇਹ ਪਹਿਲ ਸ਼ਕਤੀਕਰਨ ਦੇ ਅਹਿਦ ਨੂੰ ਹੋਰ ਮਜ਼ਬੂਤ ਕਰੇਗੀ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਸਰਕਾਰ ਹਰੇਕ ਨਵੇਂ ਕੁਨੈਕਸ਼ਨ 'ਤੇ 2, ਹਜ਼ਾਰ ਰੁਪਏ ਤੋਂ ਵੱਧ ਖਰਚ ਕਰੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ  ਮੋਦੀ ਨੇ ਸਾਰੀਆਂ ਔਰਤਾਂ ਲਈ ਖਾਣਾ ਪਕਾਉਣ ਦੇ ਬਾਲਣ ਤੱਕ ਆਸਾਨ ਪਹੁੰਚ ਯਕੀਨੀ ਬਣਾਈ ਏ

-------------------------------------------------------------------

ਰੇਲਵੇ ਮੰਤਰਾਲੇ ਨੇ ਪੰਜਾਬ ਦੇ ਫਿਰੋਜ਼ਪੁਰ ਛਾਉਣੀ ਤੋਂ ਦਿੱਲੀ ਤੱਕ ਇੱਕ ਨਵੀਂ ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ ਚਲਾਉਣ ਦੀ ਤਜਵੀਜ਼ ਰਖੀ ਏ. ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਪੰਜ ਵੰਦੇ ਭਾਰਤ ਰੇਲਗੱਡੀਆਂ ਚੱਲ ਰਹੀਆਂ ਨੇ, ਜੋ ਰਾਜ ਦੇ ਸੱਤ ਜ਼ਿਲ੍ਹਿਆਂ ਨੂੰ ਕਵਰ ਕਰਦੀਆਂ ਨੇ. ਉਨ੍ਹਾਂ ਦੱਸਿਆ ਕਿ ਪਿਛਲੇ ਗਿਆਰਾਂ ਸਾਲਾਂ ਵਿੱਚ ਪੰਜਾਬ ਲਈ ਰੇਲਵੇ ਬਜਟ ਵਿੱਚ 24 ਗੁਣਾ ਵਾਧਾ ਕੀਤਾ ਗਿਆ ਏ. ਮੰਤਰੀ ਨੇ ਦੱਸਿਆ ਕਿ 443 ਕਰੋੜ ਰੁਪਏ ਦੀ ਨਵੀਂ ਰੇਲ ਲਾਈਨ ਰਾਜਪੁਰਾ - ਮੋਹਾਲੀ ਨੂੰ, ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਏ। ਉਨ੍ਹਾਂ ਕਿਹਾ ਕਿ ਰਾਜਪੁਰਾ ਅਤੇ ਮੋਹਾਲੀ ਵਿਚਕਾਰ ਸਿੱਧਾ ਸੰਪਰਕ ਯਾਤਰਾ ਦੀ ਦੂਰੀ 66 ਕਿਲੋਮੀਟਰ ਘਟਾ ਦੇਵੇਗਾ। ਸ੍ਰੀ ਵੈਸ਼ਨਵ ਨੇ ਅੱਗੇ ਕਿਹਾ ਕਿ ਇਹ ਟੈਕਸਟਾਈਲ ਨਿਰਮਾਣ ਅਤੇ ਖੇਤੀਬਾੜੀ ਵਰਗੀਆਂ ਸਨਅਤਾਂ ਨੂੰ ਹੁਲਾਰਾ ਦੇਵੇਗਾ।

-----------------------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ 23 ਸਤੰਬਰ ਤੋਂ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਰਜਿਸਟ੍ਰੇਸ਼ਨ ਸ਼ੁਰੂ ਕਰਨ ਦਾ ਐਲਾਨ ਕੀਤਾ ਏ , ਜਿਸ ਦਾ ਮਨੋਰਥ ਲੋਕਾਂ ਨੂੰ 10 ਲੱਖ

ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਮੁਹੱਈਆ ਕਰਵਾਉਣਾ ਏ । ਇਸ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਲੋਕ ਪੱਖੀ ਸਕੀਮ ਲਈ ਰਜਿਸਟ੍ਰੇਸ਼ਨ ਬਰਨਾਲਾ ਤੇ ਤਰਨ ਤਾਰਨ ਜ਼ਿਲਿਆਂ ਤੋਂ ਹੋਵੇਗੀ । ਉਨਾਂ ਕਿਹਾ ਕਿ ਪਾਇਲਟ ਪ੍ਰਾਜੈਕਟ ਵਜੋਂ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਦੀ ਸ਼ੁਰੂਆਤ ਹੋਵੇਗੀ ਤੇ ਇਸ ਨੂੰ 10-12 ਦਿਨਾਂ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ। ਇਸ ਤਹਿਤ ਤਰਨ ਤਾਰਨ ਜ਼ਿਲੇ ਵਿਚ 128 ਥਾਵਾਂ ਤੇ ਬਰਨਾਲਾ ਜ਼ਿਲੇ ਵਿਚ ਵੀ 128 ਥਾਵਾਂ ’ਤੇ ਕੈਂਪ ਲਾਏ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਇਸ ਇਤਿਹਾਸਕ ਸਕੀਮ ਦੀ ਸ਼ੁਰੂਆਤ ਲੋਕਾਂ ਦੀ ਭਲਾਈ ਲਈ ਸ਼ੁਰੂ ਕੀਤੀ ਗਈ ਏ ।

---------------------------------------------------------------------

ਸਾਬਕਾ ਸੰਸਦ ਮੈਂਬਰ ਤੇ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸ਼ਵੇਤ ਮਲਿਕ ਨੇ ਜਲੰਧਰ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਭਾਰਤ ਸਰਕਾਰ ਵਲੋਂ ਦੇਸ਼ ਭਰ ਵਿਚ ਲਾਗੂ ਕੀਤੇ ਗਏ ਇਤਿਹਾਸਕ ਜੀ.ਐਸ.ਟੀ. ਸੁਧਾਰ ਬਦਲਾਅ ਬਾਰੇ ਜਾਣਕਾਰੀ ਦਿਤੀ । ਮਲਿਕ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਦੇਸ਼ ਦੇ ਲੋਕਾਂ ਨੂੰ ਨਵਰਾਤਰੇ ਤੇ ਦੀਵਾਲੀ ਦਾ ਤੋਹਫ਼ਾ ਦਿੱਤਾ ਏ , ਜਿਸ ਕਾਰਨ ਜ਼ਰੂਰੀ ਵਸਤਾਂ ਤੇ

ਦਵਾਈਆਂ 'ਤੇ ਟੈਕਸ ਘਟਾ ਕੇ ਲੋਕਾਂ ਦੀਆਂ ਜੇਬਾਂ 'ਤੇ ਬੋਝ ਘਟਾਇਆ ਗਿਆ ਏ।

byte

ਦੇਸ਼ ਦੇ ਵਪਾਰੀਆਂ, ਉਦਯੋਗ ਤੇ ਆਮ ਨਾਗਰਿਕਾਂ ਨੂੰ ਰਾਹਤ ਦੇਣ ਲਈ ਜੀ.ਐਸ.ਟੀ. ਪ੍ਰਣਾਲੀ ਨੂੰ ਸਰਲ ਬਣਾਇਆ ਗਿਆ ਏ। ਇਸ ਨਾਲ ਦੇਸ਼ ਦੇ ਹਰ ਵਰਗ ਨੂੰ ਲਾਭ ਹੋਵੇਗਾ, ਜਿਸ ਵਿਚ ਕਿਸਾਨ, ਐਮ.ਐਸ.ਐਮ.ਈ., ਮੱਧ ਵਰਗ, ਔਰਤਾਂ ਤੇ ਨੌਜਵਾਨ ਸ਼ਾਮਲ ਨੇ। ਉਹਨਾਂ ਕਿਹਾ ਕਿ ਇਸ ਨਾਲ ਜੀਐਸਟੀ ਦਾ ਬੋਝ ਘਟੇਗਾ ਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਵੇਗਾ।  ਮਲਿਕ ਨੇ ਕਿਹਾ ਕਿ ਮੋਦੀ ਜੀ ਦਾ ਦ੍ਰਿਸ਼ਟੀਕੋਣ ਸਪੱਸ਼ਟ ਏ , ਘੱਟੋ-ਘੱਟ ਟੈਕਸ, ਵੱਧ ਤੋਂ ਵੱਧ ਵਿਕਾਸ, ਇਹ ਕਦਮ ਕਾਰੋਬਾਰ ਕਰਨ ਵਿਚ ਸੌਖ ਤੇ ਰਹਿਣ-ਸਹਿਣ ਵਿਚ ਸੌਖ ਦੋਵਾਂ ਨੂੰ ਮਜ਼ਬੂਤ ਕਰੇਗਾ।

--------------------------------------------------------------------

ਪੰਜਾਬ ਦੇ ਜਲੰਧਰ ਸਥਿਤ ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਨੇ ਇੱਕ ਵਾਰ ਫਿਰ ਵਿਸ਼ਵ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਏ। ਇਸ ਸੰਸਥਾ ਦੇ 20 ਫੈਕਲਟੀ ਮੈਂਬਰਾਂ ਨੂੰ ਦੁਨੀਆ ਦੇ ਚੋਟੀ ਦੇ 2 ਪ੍ਰਤੀਸ਼ਤ ਵਿਗਿਆਨੀਆਂ ਚ ਮਾਨਤਾ ਦਿੱਤੀ

ਗਈ ਏ। ਸੂਤਰਾਂ  ਦੇ ਹਵਾਲੇ ਨਾਲ, ਸਾਡੇ ਪੱਤਰਕਾਰ ਨੇ ਰਿਪੋਰਟ ਦਿੱਤੀ ਹੈ ਕਿ ਚੁਣੇ ਗਏ ਵਿਗਿਆਨੀਆਂ ਦਾ ਮੁਲਾਂਕਣ 22 ਵਿਆਪਕ ਖੇਤਰਾਂ ਤੇ 174 ਉਪ-ਖੇਤਰਾਂ ਵਿੱਚ ਇੱਕ ਸੰਯੁਕਤ ਸੂਚਕ ਦੀ ਵਰਤੋਂ ਕਰਕੇ ਕੀਤਾ ਗਿਆ ਏ। ਸੰਸਥਾ ਦੇ ਡਾਇਰੈਕਟਰ ਪ੍ਰੋ. ਬੀ.ਕੇ. ਕਨੌਜੀਆ ਸਮੇਤ ਫੈਕਲਟੀ ਮੈਂਬਰਾਂ ਦੀ ਸੂਚੀ ਅਮਰੀਕਾ ਸਥਿਤ ਸਟੈਨਫੋਰਡ ਯੂਨੀਵਰਸਿਟੀ ਦੁਆਰਾ ਵਿਗਿਆਨਕ, ਤਕਨੀਕੀ ਤੇ ਡਾਕਟਰੀ ਸਮੱਗਰੀ ਦੇ ਇਕ ਪ੍ਰਮੁੱਖ ਪ੍ਰਕਾਸ਼ਕ ਐਲਸੇਵੀਅਰ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਏ।

---------------------------------------------------------------------

ਅੱਜ 10ਵਾਂ ਆਯੁਰਵੇਦ ਦਿਵਸ 2025 ਮਨਾਇਆ ਜਾ ਰਿਹਾ ਏ. ਇਸ ਦੌਰਾਨ ਸੂਬੇ ਭਰ ਵਿੱਚ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਨੇ. ਆਯੁਰਵੇਦ ਡਾਇਰੈਕਟੋਰੇਟ ਪੰਜਾਬ, ਪੰਜਾਬ ਆਯੁਰਵੇਦਿਕ ਅਤੇ ਯੂਨਾਨੀ ਬੋਰਡ ਅਤੇ ਮੈਡੀਕਲ ਸਿੱਖਿਆ ਮਹਿਕਮੇ ਵੱਲੋਂ , ਚੰਡੀਗੜ੍ਹ ਅਤੇ ਮੋਹਾਲੀ ਵਿੱਚ ਇਹ ਦਿਨ ਮਨਾਇਆ ਜਾ ਰਿਹਾ ਏ ਜਦੋਂ ਕਿ ਹੁਸ਼ਿਆਰਪੁਰ ਵਿੱਚ ਗੁਰੂ ਰਵਿਦਾਸ ਯੂਨੀਵਰਸਿਟੀ ਆਯੁਰਵੇਦ ਵੱਲੋਂ ਉਰਮਿਲਾ ਦੇਵੀ ਆਯੁਰਵੈਦਿਕ ਕਾਲਜ ਵਿੱਚ ਆਯੁਰਵੇਦ ਦਿਵਸ ਮਨਾਇਆ ਜਾ ਰਿਹਾ ਏ. ਗੁਰੂ ਰਵਿਦਾਸ ਯੂਨੀਵਰਸਿਟੀ ਦੇ ਵਾਈਸ- ਚਾਂਸਲਰ ਡਾ. ਸੰਜੀਵ

ਸੂਦ ਨੇ ਆਕਾਸ਼ਵਾਣੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਯੂਨੀਵਰਸਿਟੀ ਦੇ ਸਾਰੇ 22 ਮਾਨਤਾ ਪ੍ਰਾਪਤ ਕਾਲਜਾਂ ਵਿੱਚ ਇੱਕ ਹਫ਼ਤਾ ਭਰ ਮਨਾਇਆ ਜਾਏਗਾ । ਇਸ ਦੌਰਾਨ ਵਰਕਸ਼ਾਪਾਂ, ਜਾਗਰੂਕਤਾ ਪ੍ਰੋਗਰਾਮ ਅਤੇ ਤੰਦਰੁਸਤੀ ਸੈਸ਼ਨ ਸ਼ਾਮਲ ਨੇ ਜੋ ਆਯੁਰਵੇਦ, ਯੋਗ ਅਤੇ ਸਿਹਤਮੰਦ ਜੀਵਨ 'ਤੇ ਕੇਂਦ੍ਰਿਤ ਨੇ.

---------------------------------------------------------------------------------